This question paper contains 3 printed pages]

*Your Roll No.*...............

**7864**

# CERTIFICATE A

PUNJABI–Paper II

*Time : 3 Hours* *Maximum Marks* : 100

(*Write your Roll No. on the top immediately on receipt of this question paper.*)

ਨੋਟ :–ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ ।

1. ਹੇਠ ਲਿਖੇ ਵਿਸ਼ਿਆਂ ਵਿਚੋਂ ਕਿਸੇ ਇਕ ਉਪਰ ਲੇਖ ਲਿਖੋ :

   (ੳ) ਗੁਰੂ ਨਾਨਕ ਦੇਵ ਜੀ

   (ਅ) ਕੰਪਿਊਟਰ ਦਾ ਮਹੱਤਵ

   (ੲ) ਸਰਕਾਰੀ ਭ੍ਰਿਸ਼ਟਾਚਾਰ

   (ਸ) ਹੋਲੀ ਦਾ ਤਿਉਹਾਰ

   (ਹ) ਮਾਂ-ਬੋਲੀ ਪੰਜਾਬੀ । 25

2. ਆਪਣੇ ਵਿਭਾਗ ਦੇ ਮੁਖੀ ਨੂੰ ਦੋ ਦਿਨਾਂ ਦੀ ਛੁਟੀ ਲਈ ਬੇਨਤੀ ਪੱਤਰ ਲਿਖੋ ।

   ਜਾਂ

   ਵੱਧ ਰਹੇ ਪ੍ਰਦੂਸ਼ਣ ਦੀ ਰੋਕਥਾਮ ਲਈ, ਸਿਹਤ ਮੰਤਰੀ ਨੂੰ ਚਿੱਠੀ ਰਾਹੀਂ ਜ਼ਰੂਰੀ ਸੁਝਾਅ ਦਿਉ । 25

P.T.O.

3. ਹੇਠ ਲਿਖੇ ਸਾਹਿਤਕਾਰਾਂ ਵਿਚੋਂ ਕਿਸੇ ਇਕ ਨਾਲ ਜਾਣ-ਪਛਾਣ ਕਰਾਉ : 20

(ੳ) ਬਾਬਾ ਸ਼ੇਖ਼ ਫ਼ਰੀਦ;

(ਅ) ਸ਼ਾਹ ਹੁਸੈਨ;

(ੲ) ਭਾਈ ਵੀਰ ਸਿੰਘ;

(ਸ) ਅੰਮ੍ਰਿਤਾ ਪ੍ਰੀਤਮ;

(ਹ) ਬੁੱਲ੍ਹੇ ਸ਼ਾਹ ।

4. ਹੇਠ ਲਿਖੇ ਪੈਰ੍ਹੇ ਦਾ ਪੰਜਾਬੀ ਵਿਚ ਅਨੁਵਾਦ ਕਰੋ :

"The eye for the beauty of nature is rare. But a few big facts of Nature like the clouds, the morning birds, the rivers, and the ripened crops are observed. The grand and glorious mountains scenery in the North-West, North and North-East fails to catch the attention of the people. The hilly people show little recognition of the wealth of beauty around them, in their tastes and habits and homes and occupations."

ਜਾਂ

ਹੇਠ ਲਿਖੇ ਪੈਰ੍ਹੇ ਨੂੰ ਧਿਆਨ ਨਾਲ ਪੜ੍ਹੋ ਅਤੇ ਇਸ ਦੇ ਅੰਤ 'ਤੇ ਦਿੱਤੇ ਪ੍ਰਸ਼ਨਾਂ ਦੇ ਸੰਖੇਪ ਵਿੱਚ ਉੱਤਰ ਦਿਉ :

"ਕਿਸੇ ਨੇ ਸੱਚ ਕਿਹਾ ਹੈ ਕਿ ਮਨੁੱਖ ਦਾ ਚਰਿੱਤਰ ਗਿਆ ਤਾਂ ਸਮਝੋ ਸਭ ਕੁਝ ਗਿਆ । ਮਨੁਖ ਦਾ ਜੱਸ, ਉਸਦੀ ਅਮੀਰੀ, ਮਾਨ-ਮਰਿਆਦਾ, ਉਸਦੇ ਚਰਿੱਤਰ ਉਪਰ ਹੀ ਨਿਰਭਰ

ਕਰਦੀ ਹੈ । ਨੈਤਿਕਤਾ, ਮਨੁੱਖ ਦੀ ਉਚੱਤਾ ਦੀ ਕਸੌਟੀ ਹੈ । ਸੱਚਾਈ, ਵਫ਼ਾਦਾਰੀ, ਦਇਆ, ਭੋਲਾਪਨ, ਸਦਾਚਾਰ, ਸੰਤੋਖ, ਆਪਸੀ ਸਹਿਯੋਗ ਆਦਿ ਸਾਰੇ ਨੈਤਿਕਤਾ ਦੇ ਆਧਾਰ ਹਨ । ਚੰਗਾ ਵਰਤਾਉ, ਮਿਹਨਤ, ਫ਼ਰਜ਼ਾਂ ਦੀ ਪਾਲਣਾ, ਸਮੇਂ ਦੀ ਪਾਬੰਦੀ ਆਦਿ ਗੁਣ ਜਿਸ ਮਨੁੱਖ ਵਿਚ ਹੋਣਗੇ ਤਾਂ ਇਹ ਪੂਰੇ ਵਿਸ਼ਵਾਸ ਨਾਲ ਕਿਹਾ ਜਾ ਸਕਦਾ ਹੈ, ਇਹ ਨੈਤਿਕਤਾ ਦੀ ਕਸੌਟੀ 'ਤੇ ਪੂਰਾ ਉਤਰੇਗਾ ।"

ਪ੍ਰਸ਼ਨ : (*i*) ਇਸ ਪੈਰ੍ਹੇ ਦਾ ਢੁੱਕਵਾਂ ਸਿਰਲੇਖ ਲਿਖੋ ।

(*ii*) ਪੈਰ੍ਹੇ ਦਾ ਸੰਖੇਪ ਭਾਵ ਆਪਣੇ ਸ਼ਬਦਾਂ ਵਿਚ ਲਿਖੋ ।

(*iii*) ਮਨੁੱਖ ਦੀ ਉਚੱਤਾ ਦੀ ਕਸੌਟੀ ਕੀ ਹੈ ?

(*iv*) "ਮਨੁੱਖ ਦਾ ਚਰਿੱਤਰ ਗਿਆ ਤਾਂ ਸਮਝੋ ਸਭ ਕੁਝ ਗਿਆ ।" ਕਥਨ ਦੀ ਵਿਆਖਿਆ ਕਰੋ ।

(*v*) ਵਫ਼ਾਦਾਰੀ, ਫ਼ਰਜ਼, ਜੱਸ, ਵਰਤਾਉ, ਸੰਤੋਖ ਸ਼ਬਦਾਂ ਦੇ ਅਰਥ ਲਿਖੋ । 30